# ਕੀ ਹਸਪਤਾਲ ਵਿੱਚ ਹੋ ?

## ਆਪਣੇ ਗਰੀਨ ਬੈਗ ਨੂੰ ਨਾ ਭੁੱਲਣਾ !

ਜੇ ਤੁਹਾਨੂੰ ਬਾਕਾਇਦਾ ਦਵਾਈਆਂ ਲੈਣੀਆਂ ਪੈਂਦੀਆਂ ਹਨ ਤਾਂ ਉਨ੍ਹਾਂ ਨੂੰ ਇੱਕ ਸੁਰੱਖਿਅਤ ਅਤੇ ਜਲਦੀ ਪਹੁੰਚ ਕਰ ਸੱਕਣ ਵਾਲੀ ਥਾਂ ਤੇ ਰੱਖਣ ਦਾ ਵਿਚਾਰ ਠੀਕ ਹੈ।

ਕੀ ਤੁਸੀਂ ਜਾਣਦੇ ਹੋ, ਕਿ ਹੁਣ ਤੁਸੀਂ ਆਪਣੀਆਂ ਸਾਰੀਆਂ ਦਵਾਈਆਂ ਰੱਖਣ ਲਈ ਇੱਕ ਗਰੀਨ ਬੈਗ ਮੁਫ਼ਤ ਲੈ ਸਕਦੇ ਹੋ ?

ਇਸ ਤੋਂ ਇਲਾਵਾ, ਜੇ ਤੁਹਾਨੂੰ ਹਸਪਤਾਲ ਜਾਣਾ ਪਏ, ਤਾਂ ਤੁਸੀਂ ਆਪਣਾ ਗਰੀਨ ਬੈਗ ਆਪਣੇ ਨਾਲ ਲੈ ਜਾ ਸਕਦੇ ਹੋ, ਤਾਂ ਜੋ ਹਸਪਤਾਲ ਦੇ ਸਟਾਫ਼ ਨੂੰ ਪਤਾ ਲਗ ਸਕੇ ਕਿ ਤੁਸੀਂ ਕਿਹੜੀਆਂ ਦਵਾਈਆਂ ਲੈ ਰਹੇ ਹੋ।

ਇਸਦਾ ਮਤਲਬ ਹੈ, ਕਿ ਤੁਸੀਂ ਆਪਣੇ ਹਸਪਤਾਲ ਰਹਿਣ ਦੇ ਦੌਰਾਨ:

- ਤੁਸੀਂ ਆਪਣੀਆਂ ਦਵਾਈਆਂ ਆਮ ਵਾਂਗ ਲੈ ਸਕੋਂਗੇ
- ਤੁਹਾਡੀਆਂ ਦਵਾਈਆਂ ਸਹੀ ਤੌਰ ਤੇ ਦਿੱਤੀਆਂ ਜਾਂਦੀਆਂ ਹਨ (ਠੀਕ ਸਮੇਂ ਤੇ ਠੀਕ ਡੋਜ਼)
- ਤੁਸੀਂ ਕੋਈ ਨਵੀਂ ਦਵਾਈ ਸੁਰੱਖਿਅਤ ਲੈ ਸਕਦੇ ਹੋ।

**ਗਰੀਨ ਬੈਗ ਐਂਬੁਲੈਂਸ ਅਤੇ ਹਸਪਤਾਲਾਂ ਦੀਆਂ ਫ਼ਾਰਮੇਸੀਆਂ ਤੋਂ ਮਿਲ ਸਕਦੇ ਹਨ। ਤੁਸੀਂ ਆਪਣਾ ਬੈਗ ਲੈਣਾ ਨਾ ਭੁੱਲਣਾ।**




**ਬੈਗ ਵਿੱਚ ਕਿਹੜੀਆਂ ਦਵਾਈਆਂ ਹੋਣੀਆਂ ਚਾਹਦੀਆਂ ਹਨ ?**

- ਗੋਲੀਆਂ ਅਤੇ ਕੈਪਸੂਲ
- ਤਰਲ ਦਵਾਈਆਂ
- ਕਰੀਮਾਂ ਅਤੇ ਆਇੰਟਮੈਂਟਾਂ
- ਇਨਹੇਲਰ
- ਐਂਜਾਇਨਾ ਲਈ GTN ਸਪਰੇਅ / ਅਤੇ ਗੋਲੀਆਂ
- ਪੈਚਿਜ਼
- ਇੰਜੈਕਸ਼ਨ
- ਹੋਰ ਕੋਈ ਦਵਾਈ ਜਾਂ ਪੂਰਕ, ਜੋ ਤੁਸੀਂ ਫਾਰਮੇਸੀ ਸੁਪਰਮਾਰਕੀਟ ਜਾਂ ਹਰਬਲਇਸਟ ਕੋਲੋਂ ਲੈਕੇ ਇਸਤੇਮਾਲ ਕਰ ਰਹੇ ਹੋਵੋਂ।

Welsh Ambulance Services NHS Trust